**Superior Court of California**
**COUNTY OF ALAMEDA**

# ਦੋਭਾਸ਼ੀਆ ਮੰਗਣ ਲਈ ਫਾਰਮ (ਸਿਵਲ/ਫੈਮਿਲੀ) – ALA-INT-001

***ਮਹੱਤਵਪੂਰਨ: ਸਾਰੀਆਂ ਸੁਣਵਾਈਆਂ ਜਾਂ ਸਾਰੀਆਂ ਜ਼ਬਾਨਾਂ ਵਿਚ ਸਦਾ ਦੋਭਾਸ਼ੀਏ ਉਪਲਬਧ ਨਹੀਂ ਹੋਣਗੇ। ਕਿਸੇ ਸਿਵਲ ਕਾਰਵਾਈ ਵਿਚ ਦੋਭਾਸ਼ੀਏ ਦੀ ਮੰਗ ਕਰਨ ਬਾਰੇ ਜ਼ਿਆਦਾ ਜਾਣਕਾਰੀ ਲਈ ਸਫਾ 2 'ਤੇ ਹਿਦਾਇਤਾਂ ਦੇਖੋ।***

1. ਮੈਂ (ਨਾਂ):____________________ਕੇਸ ਨੰਬਰ__________ ਵਿਚ ਇਕ ਧਿਰ ਹਾਂ। ਮੈਂ ਹਾਂ (ਹੇਠਾਂ ਇਕ 'ਤੇ ਨਿਸ਼ਾਨੀ ਲਾਓ):

   ☐ ਦਾਅਵੇਦਾਰ/ਪਟੀਸ਼ਨਰ ☐ ਮੁਦਾਲਾ/ਉੱਤਰਦਾਇਕ ☐ ਹੋਰ (ਦੱਸੋ): ______________________

2. ਮੈਨੂੰ ਦੋਭਾਸ਼ੀਏ ਦੀ ਲੋੜ ਹੈ (ਲਾਗੂ ਹੋਣ ਵਾਲੇ ਸਾਰਿਆਂ 'ਤੇ ਨਿਸ਼ਾਨੀ ਲਾਓ) ☐ ਆਪਣੇ ਲਈ ☐ ਗਵਾਹ ਲਈ (ਵਰਣਨ ਕਰੋ): ________________

3. ਉਹ ਜ਼ਬਾਨ (ਜ਼ਬਾਨਾਂ) ਜਿਸ ਵਿਚ ਮੈਨੂੰ ਦੋਭਾਸ਼ੀਏ ਦੀ ਲੋੜ ਹੈ। ☐ ਸਪੇਨੀ ☐ ਵੀਅਤਨਾਮੀ ☐ ਮੈਂਡਾਰਿਨ

   ☐ ਕੈਂਟੋਨੀਜ਼ ☐ ਹੋਰ (ਸਾਰੀਆਂ ਦੱਸੋ): _________________________________

4. ਅਦਾਲਤ ਦੀ ਸੁਣਵਾਈ ਜਾਂ ਕਾਰਵਾਈ ਜਿਸ ਲਈ ਮੈਨੂੰ ਦੋਭਾਸ਼ੀਏ ਦੀ ਲੋੜ ਹੈ, ਅੱਗੇ ਦੱਸੀ ਤਾਰੀਕ ਨੂੰ ਹੋਣੀ ਹੈ (ਤਾਰੀਕ):_________(ਸਮਾਂ):______ਵਿਭਾਗ______ਵਿਚ।

   ☐ ਅਜੇ ਤਾਰੀਕ ਨਹੀਂ ਮਿੱਥੀ ਗਈ।

   ☐ ਮੈਨੂੰ ਸੁਣਵਾਈ ਜਾਂ ਕਾਰਵਾਈ ਦੀ ਤਾਰੀਕ ਦਾ ਨਹੀਂ ਪਤਾ।

5. ਕੇਸ ਦੀ ਕਿਸਮ, ਜੇ ਪਤਾ ਹੈ (ਇਕ 'ਤੇ ਨਿਸ਼ਾਨੀ ਲਾਓ):

   a. ☐ ਘਰੇਲੂ ਹਿੰਸਾ
   b. ☐ ਬਜ਼ੁਰਗ ਜਾਂ ਨਿਰਭਰ ਬਾਲਗ ਨਾਲ ਸਰੀਰਕ ਬੁਰਾ ਵਰਤਾਉ
   c. ☐ ਸਿਵਲ ਹੈਰਾਸਮੈਂਟ
   d. ☐ ਗੈਰ-ਕਾਨੂੰਨੀ ਨਜ਼ਰਬੰਦੀ
   e. ☐ ਮਾਪੇ ਦੇ ਹੱਕਾਂ ਦਾ ਖਾਤਮਾ
   f. ☐ ਗਾਰਡੀਅਨਸ਼ਿਪ/ਕਨਜ਼ਰਵੇਟਰਸ਼ਿਪ
   g. ☐ ਬੱਚੇ ਦੀ ਕਸਟੱਡੀ/ਬੱਚੇ ਨੂੰ ਮਿਲਣਾ
   h. ☐ ਬਜ਼ੁਰਗ ਜਾਂ ਨਿਰਭਰ ਬਾਲਗ ਨਾਲ ਬੁਰਾ ਵਰਤਾਉ (ਇਸ ਵਿਚ ਸਰੀਰਕ ਬੁਰਾ ਵਰਤਾਉ ਸ਼ਾਮਲ ਨਹੀਂ ਹੈ)
   i. ☐ ਹੋਰ ਫੈਮਿਲੀ ਲਾਅ
   j. ☐ ਹੋਰ ਸਿਵਲ ਕੇਸ
   k. ☐ ਪਤਾ ਨਹੀਂ/ਪੱਕਾ ਪਤਾ ਨਹੀਂ

6. ਫੀਸ ਤੋਂ ਛੋਟ ਦੀ ਸਥਿਤੀ (ਇਕ 'ਤੇ ਨਿਸ਼ਾਨੀ ਲਾਓ)

   a. ☐ ਮੈਨੂੰ ਇਸ ਕੇਸ ਵਿਚ ਫੀਸ ਤੋਂ ਛੋਟ ਮਿਲੀ ਹੈ (ਫੀਸ ਤੋਂ ਮੁਆਫੀ ਦੇ ਆਰਡਰ ਦੀ ਤਾਰੀਕ ਦੱਸੋ ਅਤੇ ਜੇ ਉਪਲਬਧ ਹੋਵੇ ਤਾਂ ਆਰਡਰ ਦੀ ਕਾਪੀ ਨਾਲ ਲਾਓ): _________________________________

   b. ☐ ਮੈਂ ਇਸ ਕੇਸ ਵਿਚ ਫੀਸ ਤੋਂ ਮੁਆਫੀ ਲਈ ਅਪਲਾਈ ਕੀਤਾ ਹੈ (ਉਹ ਤਾਰੀਕ ਜਿਸ ਨੂੰ ਅਰਜ਼ੀ ਦਰਜ ਕਰਵਾਈ ਗਈ ਸੀ): __________________

   c. ☐ ਮੈਨੂੰ ਫੀਸ ਤੋਂ ਮੁਆਫੀ ਨਹੀਂ ਮਿਲੀ ਅਤੇ ਮੈਂ ਫੀਸ ਤੋਂ ਮੁਆਫੀ ਦੀ ਮੰਗ ਨਹੀਂ ਕਰ ਰਿਹਾ/ਰਹੀ।

ਤਾਰੀਕ:________________ ਦਸਖਤ:___________________________

## ਹਿਦਾਇਤਾਂ

1. ਅਦਾਲਤ ਦੀਆਂ ਕਾਰਵਾਈਆਂ ਅੰਗਰੇਜ਼ੀ ਵਿਚ ਹੁੰਦੀਆਂ ਹਨ। ਜੇ ਕੋਈ ਧਿਰ ਜਾਂ ਗਵਾਹ ਅੰਗਰੇਜ਼ੀ ਚੰਗੀ ਤਰ੍ਹਾਂ ਨਾ ਬੋਲਦਾ ਹੋਵੇ ਤਾਂ ਉਸ ਨੂੰ ਗਵਾਹੀ ਦੇਣ, ਜੱਜ ਨਾਲ ਗੱਲ ਕਰਨ, ਅਤੇ ਕਾਰਵਾਈ ਵਿਚ ਹੋਰਨਾਂ ਵਲੋਂ ਕਹੀਆਂ ਜਾਣ ਵਾਲੀਆਂ ਗੱਲਾਂ ਨੂੰ ਸਮਝਣ ਲਈ ਦੋਭਾਸ਼ੀਏ ਦੀ ਲੋੜ ਹੋ ਸਕਦੀ ਹੈ। ਸਰਟੀਫਾਈਡ ਅਤੇ ਰਜਿਸਟਰਸ਼ੁਦਾ ਕੋਰਟ ਦੋਭਾਸ਼ੀਏ ਅਦਾਲਤ ਦੀਆਂ ਕਾਰਵਾਈਆਂ ਵਿਚ ਉਲਥਾ ਕਰਨ ਲਈ ਖਾਸ ਤੌਰ 'ਤੇ ਟਰੇਂਡ ਹੁੰਦੇ ਹਨ। ਜੇ ਤੁਹਾਨੂੰ ਬੋਲੀ ਵਿਚ ਮਦਦ ਦੀ ਲੋੜ ਹੋਵੇ ਤਾਂ ਤੁਹਾਨੂੰ ਇਹ ਫਾਰਮ ਭਰ ਕੇ ਅਦਾਲਤ ਤੋਂ ਪੁੱਛਣਾ ਚਾਹੀਦਾ ਹੈ ਕਿ ਕੀ ਇਹ ਤੁਹਾਨੂੰ ਕੋਰਟ ਦੋਭਾਸ਼ੀਆ ਦੇ ਸਕਦੀ ਹੈ।

2. ਅਦਾਲਤਾਂ ਸਦਾ ਹਰ ਜ਼ਬਾਨ ਵਿਚ ਜਾਂ ਹਰ ਸਿਵਲ ਕੇਸ ਵਿਚ ਦੋਭਾਸ਼ੀਏ ਦੇਣ ਜਾਂ ਇਨ੍ਹਾਂ ਦਾ ਖਰਚਾ ਦੇਣ ਦੇ ਯੋਗ ਨਹੀਂ ਹੁੰਦੀਆਂ। ਕਾਨੂੰਨ ਵਿਚ ਉਹ ਤਰਜੀਹਾਂ ਤਹਿ ਕੀਤੀਆਂ ਹੋਈਆਂ ਹਨ ਜਿਨ੍ਹਾਂ ਲਈ ਅਦਾਲਤਾਂ ਨੂੰ ਸਿਵਲ ਕੇਸਾਂ ਵਿਚ ਦੋਭਾਸ਼ੀਏ ਪ੍ਰਦਾਨ ਕਰਨ ਦੇ ਖਰਚੇ ਵਾਪਸ ਕੀਤੇ ਜਾਂਦੇ ਹਨ। ਅਦਾਲਤ ਦੀ ਪਹਿਲੀ ਤਰਜੀਹ ਅੱਗੇ ਲਿਖੀਆਂ ਕਿਸਮਾਂ ਦੇ ਕੇਸਾਂ ਵਿਚ ਦੋਭਾਸ਼ੀਏ ਦੇਣ ਦੀ ਕੋਸ਼ਿਸ਼ ਕਰਨਾ ਹੈ:

   a. ਘਰੇਲੂ ਹਿੰਸਾ ਅਤੇ ਫੈਮਿਲੀ ਲਾਅ ਦੇ ਕੇਸ ਜਿਨ੍ਹਾਂ ਵਿਚ ਘਰੇਲੂ ਹਿੰਸਾ ਦੇ ਮਸਲੇ ਹੁੰਦੇ ਹਨ;
   b. ਬਜ਼ੁਰਗ ਜਾਂ ਨਿਰਭਰ ਬਾਲਗ ਨਾਲ ਬੁਰੇ ਵਰਤਾਉ ਦੇ ਕੇਸ ਜਿਨ੍ਹਾਂ ਵਿਚ ਸਰੀਰਕ ਬੁਰਾ ਵਰਤਾਉ ਸ਼ਾਮਲ ਹੈ;
   c. ਗੈਰ-ਕਾਨੂੰਨੀ ਨਜ਼ਰਬੰਦੀ ਜਾਂ ਦੇਸ਼ ਨਿਕਾਲੇ ਦੇ ਕੇਸ; ਅਤੇ
   d. ਮਾਪੇ ਦੇ ਹੱਕਾਂ ਦੇ ਖਾਤਮੇ ਦੀਆਂ ਕਾਰਵਾਈਆਂ।

3. ਅਦਾਲਤਾਂ ਕੁਝ ਹੋਰ ਸਿਵਲ ਕੇਸਾਂ ਵਿਚ, ਕੁਝ ਜ਼ਬਾਨਾਂ ਵਿਚ ਦੋਭਾਸ਼ੀਏ ਪ੍ਰਦਾਨ ਕਰਨ ਦੇ ਯੋਗ ਹੋ ਸਕਦੀਆਂ ਹਨ। ਕਾਨੂੰਨ ਨੇ ਇਨ੍ਹਾਂ ਕੇਸਾਂ ਵਿਚ ਵੀ ਤਰਜੀਹਾਂ ਤਹਿ ਕੀਤੀਆਂ ਹੋਈਆਂ ਹਨ। ਜਿੱਥੇ ਵੀ ਸੰਭਵ ਹੋਵੇ, ਅਦਾਲਤ ਅੱਗੇ ਲਿਖੀ ਤਰਤੀਬ ਮੁਤਾਬਕ ਦੋਭਾਸ਼ੀਏ ਦੇਣ ਦੀ ਕੋਸ਼ਿਸ ਕਰੇਗੀ:

   e. ਕਨਜ਼ਰਵੇਟਰਸ਼ਿਪਸ ਜਾਂ ਗਾਰਡੀਅਨਸ਼ਿਪਾਂ ਨਾਲ ਸੰਬੰਧਿਤ ਕਾਰਵਾਈਆਂ;
   f. ਬੱਚੇ ਦੀ ਕਸਟੱਡੀ ਜਾਂ ਮਿਲਣ ਦੇ ਹੱਕ ਦੀਆਂ ਕਾਰਵਾਈਆਂ;
   g. ਬਜ਼ੁਰਗ ਜਾਂ ਨਿਰਭਰ ਬਾਲਗ ਨਾਲ ਬੁਰੇ ਵਰਤਾਉ ਦੇ ਕੇਸ ਜਿਨ੍ਹਾਂ ਵਿਚ ਸਰੀਰਕ ਬੁਰੇ ਵਰਤਾਉ ਦੇ ਕੇਸ ਸ਼ਾਮਲ ਨਹੀਂ ਹਨ;
   h. ਫੈਮਿਲੀ ਲਾਅ ਦੀਆਂ ਬਾਕੀ ਸਾਰੀਆਂ ਕਾਰਵਾਈਆਂ; ਅਤੇ
   i. ਬਾਕੀ ਸਾਰੀਆਂ ਸਿਵਲ ਕਾਰਵਾਈਆਂ।

   ਇਨ੍ਹਾਂ ਕਿਸਮਾਂ ਦੇ ਕੇਸਾਂ ਵਿਚ, ਤਰਜੀਹ ਮਾਇਕ ਲੋੜ ਵਾਲੀਆਂ ਉਨ੍ਹਾਂ ਧਿਰਾਂ ਨੂੰ ਦਿੱਤੀ ਜਾਵੇਗੀ ਜਿਹੜੇ ਫੀਸ ਮੁਆਫੀ ਲਈ ਯੋਗ ਹੋਏ ਹਨ, ਇਸ ਕਰਕੇ ਜੇ ਤੁਹਾਨੂੰ ਕੋਰਟ ਦੋਭਾਸ਼ੀਏ ਦੀ *ਅਤੇ* ਮਾਇਕ ਸਹਾਇਤਾ ਦੀ ਲੋੜ ਹੈ ਤਾਂ ਤੁਹਾਨੂੰ ਫੀਸ ਮੁਆਫੀ ਲਈ ਅਪਲਾਈ ਕਰਨਾ ਚਾਹੀਦਾ ਹੈ, ਜੇ ਤੁਸੀਂ ਪਹਿਲਾਂ ਹੀ ਅਜਿਹਾ ਨਹੀਂ ਕੀਤਾ। ਅਜਿਹਾ ਕਰਨ ਲਈ, *ਅਦਾਲਤ ਦੀਆਂ ਫੀਸਾਂ ਦੀ ਮੁਆਫੀ ਲਈ ਬੇਨਤੀ (Request to Waive Court Fees)* (ਫਾਰਮ FW-001) ਫਾਰਮ ਭਰੋ ਅਤੇ ਦਰਜ ਕਰਵਾਉ। ਤੁਹਾਨੂੰ ਇਸ ਫਾਰਮ ਦੇ ਸਵਾਲ ਨੰਬਰ 6 ਵਿਚ ਇਹ ਦੱਸਣਾ ਚਾਹੀਦਾ ਹੈ ਕਿ ਕੀ ਤੁਹਾਡੇ ਕੋਲ ਪਹਿਲਾਂ ਹੀ ਫੀਸ ਮੁਆਫੀ ਹੈ, ਕੀ ਤੁਸੀਂ ਇਸ ਲਈ ਅਪਲਾਈ ਕੀਤਾ ਹੈ ਜਾਂ ਤੁਸੀਂ ਇਸ ਲਈ ਅਪਲਾਈ ਕਰਨ ਦਾ ਇਰਾਦਾ ਨਹੀਂ ਰੱਖਦੇ।

4. ਜੇ ਤੁਹਾਡਾ ਕੇਸ ਉਪਰ ਪੈਰਾ 2 ਜਾਂ 3 ਵਿਚ ਦੱਸੇ ਗਏ ਕੇਸਾਂ ਦੀਆਂ ਸ਼੍ਰੇਣੀਆਂ ਵਿੱਚੋਂ ਇਕ ਵਿਚ ਆਉਂਦਾ ਹੈ, ਅਤੇ ਤੁਹਾਨੂੰ ਆਪਣੀਆਂ ਅਦਾਲਤੀ ਕਾਰਵਾਈਆਂ ਦੌਰਾਨ ਦੋਭਾਸ਼ੀਏ ਦਾ ਫਾਇਦਾ ਹੋਵੇਗਾ ਤਾਂ ਕੋਰਟ ਦੋਭਾਸ਼ੀਆ ਲੈਣ ਲਈ ਤੁਹਾਡੇ ਲਈ ਇਸ ਫਾਰਮ ਦੀ ਵਰਤੋਂ ਕਰਨਾ ਜ਼ਰੂਰੀ ਹੈ। ਪਹਿਲਾ ਸਫਾ ਭਰੋ ਅਤੇ ਅਦਾਲਤ ਕੋਲ ਦਰਜ ਕਰਵਾਉ। ਇਹ ਫਾਰਮ ਅਦਾਲਤ ਦੇ ਕਿਸੇ ਵੀ ਉਸ ਸਥਾਨ 'ਤੇ ਕਲਰਕ ਦੇ ਦਫਤਰ ਵਿਚ ਦਰਜ ਕਰਵਾਇਆ ਜਾ ਸਕਦਾ ਹੈ ਜਿੱਥੇ ਇਸ ਕਿਸਮ ਦਾ ਕੇਸ ਸੁਣਿਆ ਜਾਂਦਾ ਹੈ।